**ਪੰਜਾਬ ਸਰਕਾਰ ਵੱਲੋਂ ਰਾਜ ਨੂੰ ਨਸ਼ਾ ਮੁਕਤ ਕਰਨ ਦਾ ਟੀਚਾ-ਡਿਪਟੀ ਕਮਿਸ਼ਨਰ**

- **ਨਸ਼ਾ ਛੁਡਾਊ ਕੇਂਦਰ ਜਨੇਰ ਇਲਾਕੇ ਦੇ ਨਸ਼ਾ ਛੱਡਣ ਦੇ ਚਾਹਵਾਨ ਵਿਅਕਤੀਆਂ ਲਈ ਹੋ ਰਿਹੈ ਵਰਦਾਨ ਸਾਬਤ**
- **ਹਰੇਕ ਮਹੀਨੇ ਕਰੀਬ 15 ਵਿਅਕਤੀ ਕੇਂਦਰ 'ਚ ਦਾਖਲ ਹੋ ਕੇ ਨਸ਼ਿਆਂ ਤੋਂ ਪਾ ਰਹੇ ਹਨ ਛੁਟਕਾਰਾ-ਬਲਵੰਤ ਸਿੰਘ**
- **ਹੁਣ ਤੱਕ 5,781 ਮਰੀਜ਼ਾਂ ਦੀ ਕੀਤੀ ਗਈ ਹੈ ਰਜਿਸਟ੍ਰੇਸ਼ਨ**

ਮੋਗਾ 23 ਮਈ:

ਮੁੱਖ ਮੰਤਰੀ ਪੰਜਾਬ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਰਾਜ ਨੂੰ ਨਸ਼ਾ ਮੁਕਤ ਕਰਨ ਦਾ ਟੀਚਾ ਮਿਥਿਆ ਗਿਆ ਹੈ। ਜ਼ਿਲ੍ਹੇ ਅੰਦਰ ਜ਼ਿਲ੍ਹਾ ਪ੍ਰਸ਼ਾਸ਼ਨ ਦੇ ਸਹਿਯੋਗ ਨਾਲ ਚਲਾਏ ਜਾ ਰਹੇ ਰੈਡ ਕਰਾਸ ਨਸ਼ਾ ਛੁਡਾਊ ਤੇ ਮੁੜ ਵਸਾਊ ਕੇਂਦਰ, ਜਨੇਰ (ਮੋਗਾ) ਇਲਾਕੇ ਦੇ ਨਸ਼ਾ ਛੱਡਣ ਦੇ ਚਾਹਵਾਨ ਵਿਅਕਤੀਆਂ ਲਈ ਵਰਦਾਨ ਸਾਬਤ ਹੋ ਰਿਹਾ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਮੋਗਾ ਸ. ਦਿਲਰਾਜ ਸਿੰਘ ਨੇ ਦੱਸਿਆ ਕਿ ਨਸ਼ਾ ਛੁਡਾਊ ਕੇਂਦਰ ਜਨੇਰ ਸਾਲ 1999 ਵਿੱਚ ਸਥਾਪਤ ਹੋਇਆ ਸੀ ਅਤੇ ਹੁਣ ਤੱਕ 5,781 ਮਰੀਜ਼ਾਂ ਦਾ ਰਜਿਸਟ੍ਰੇਸ਼ਨ ਕੀਤਾ ਗਿਆ ਹੈ, ਜਿੰਨ੍ਹਾਂ ਵਿੱਚੋਂ ਜ਼ਿਆਦਾਤਰ ਮਰੀਜ਼ ਇਸ ਕੇਂਦਰ ਤੋਂ ਇਲਾਜ ਪ੍ਰਾਪਤ ਕਰਕੇ ਨਸ਼ਾ ਮੁਕਤ ਹੋ ਚੁੱਕੇ ਹਨ। ਉਨ੍ਹਾਂ ਦੱਸਿਆ ਕਿ ਇਸ ਨਸ਼ਾ ਛੁਡਾਊ ਕੇਂਦਰ 'ਚ ਮਰੀਜ਼ਾਂ ਦੇ ਕਸਰਤ ਕਰਨ ਲਈ ਵੱਡੀ ਜ਼ਿੰਮ ਦਾ ਪ੍ਰਬੰਧ ਹੈ। ਇਸ ਦੇ ਨਾਲ-ਨਾਲ ਉਸਾਰੂ ਸੋਚ ਵਾਲੀਆਂ ਕਿਤਾਬਾਂ ਪੜ੍ਹਨ ਲਈ ਲਾਇਬਰੇਰੀ, ਟੀ.ਵੀ., ਵਾਟਰ ਕੂਲਰ ਅਤੇ ਵਾਲੀਵਾਲ, ਕ੍ਰਿਕਟ ਆਦਿ ਖੇਡਣ ਲਈ ਲੋੜੀਂਦੀ ਖੇਡ ਸਮਗਰੀ ਤੇ ਗਰਾਊਂਡ ਜ਼ਿਲਾ ਪ੍ਰਸ਼ਾਸਨ ਵੱਲੋਂ ਉਪਲੱਬਧ ਕਰਵਾਏ ਗਏ ਹਨ।

ਨਸ਼ਾ ਛੁਡਾਊ ਤੇ ਮੁੜ ਵਸਾਊ ਕੇਂਦਰ, ਜਨੇਰ ਦੇ ਕੋ-ਆਰਡੀਨੇਟਰ ਬਲਵੰਤ ਸਿੰਘ ਨੇ ਦੱਸਿਆ ਕਿ ਇਸ ਕੇਂਦਰ 'ਚ ਨਸ਼ਾ ਛੱਡਣ ਦੇ ਚਾਹਵਾਨ ਵਿਅਕਤੀਆਂ ਲਈ ਖੇਡਾਂ ਵੱਲ ਵੀ ਧਿਆਨ ਦਿੱਤਾ ਜਾਂਦਾ ਹੈ, ਤਾਂ ਜੋ ਇਹ ਵਿਅਕਤੀ ਖੇਡਾਂ, ਯੋਗਾ ਅਤੇ ਮੈਡੀਟੇਸ਼ਨ ਨਾਲ ਜੁੜ ਕੇ ਨਸ਼ਿਆਂ ਤੋਂ ਹਮੇਸ਼ਾਂ ਲਈ ਦੂਰ ਰਹਿ ਸਕਣ। ਉਨ੍ਹਾਂ ਦੱਸਿਆ ਕਿ ਇਸ ਕੇਂਦਰ 'ਚ ਹਰੇਕ ਮਹੀਨੇ ਕਰੀਬ 15 ਨਸ਼ਿਆਂ ਦੇ ਆਦੀ ਵਿਅਕਤੀ ਇਲਾਜ ਲਈ ਆਉਂਦੇ ਹਨ, ਜਿਨ੍ਹਾਂ ਵਿੱਚੋਂ ਕਈ ਵਿਅਕਤੀ ਦਾਖਲ ਹੋ ਕੇ ਇਸ ਲਾਹਣਤ ਤੋਂ ਛੁਟਕਾਰਾ ਪਾ ਰਹੇ ਹਨ। ਉਨ੍ਹਾਂ ਹੋਰ ਦੱਸਿਆ ਕਿ ਇਸ ਸਮੇਂ ਨਸ਼ਾ ਛੁਡਾਊ ਕੇਂਦਰ ਵਿੱਚ 9 ਅਤੇ ਮੁੜ ਵਸਾਊ ਅਧੀਨ 6 ਨਸ਼ਿਆਂ ਦੇ ਆਦੀ ਵਿਅਕਤੀ ਇਲਾਜ ਕਰਵਾ ਰਹੇ ਹਨ। ਉਨ੍ਹਾਂ ਇਹ ਵੀ ਦੱਸਿਆ ਕਿ ਡਿਪਟੀ ਕਮਿਸ਼ਨਰ ਮੋਗਾ ਸ. ਦਿਲਰਾਜ ਸਿੰਘ ਵੱਲੋਂ ਕੇਂਦਰ ਵਿੱਚ ਮਰੀਜ਼ਾਂ ਦੇ ਖਾਣ-ਪੀਣ ਲਈ ਇੱਕ ਕੰਟੀਨ ਦਾ ਪ੍ਰਬੰਧ ਵੀ ਕੀਤਾ ਗਿਆ ਹੈ।

-----------------

ਨੰ: ਪੀ.ਆਰ(ਪ੍ਰੈ ਰੀ)2017/279

ਕੈਪਸ਼ਨ (1)- ਰੈਡ ਕਰਾਸ ਨਸ਼ਾ ਛੁਡਾਊ ਤੇ ਮੁੜ ਵਸਾਊ ਕੇਂਦਰ, ਜਨੇਰ ਦੀ ਇਮਾਰਤ

ਕੈਪਸ਼ਨ (2)- ਕੇਂਦਰ 'ਚ ਜਿੰਮ ਦਾ ਸਮਾਨ

ਕੈਪਸ਼ਨ (3)- ਨਸ਼ਾ ਛੁਡਾਊ ਤੇ ਮੁੜ ਵਸਾਊ ਕੇਂਦਰ 'ਚ ਮਰੀਜ਼ਾਂ ਲਈ ਕੰਟੀਨ






TURN UP
THE